www.ijcrt.org © 2022 IJCRT | Volume 10, Issue 7 July 2022 | ISSN: 2320-2882

IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਅਜਮੇਰ ਸਿੰਘ ਔਲਖ – ਮਾਰਕਸਵਾਦੀ ਦ੍ਰਿਸ਼ਟੀਕੋਣ

ਡਾ ਨਿਰਮਲਾ ਰਾਣੀ

ਅਸਿਸਟੈਂਟ ਪ੍ਰੋਫੈਸਰ (ਪੰਜਾਬੀ)

ਮਹਾਰਾਣਾ ਪ੍ਰਤਾਪ ਪੋਸਟ ਗ੍ਰੈਜੂਏਟ ਕਾਲਿਜ

ਫਾਰ ਵੂਮੈਨ ਮੰਡੀ ਡੱਬਵਾਲੀ, ਜਿਲ੍ਹਾ ਸਿਰਸਾ।

**nirmala.nagpal6@gmail.com**

ਮੋਬਾਇਲ ਨੰ. **9416644399**

ਅਜਮੇਰ ਸਿੰਘ ਔਲਖ ਨੇ ਲਗਭਗ 40 ਪੰਜਾਬੀ ਨਾਟ ਸਾਹਿਤ ਦੀ ਸਿਰਜਣਾ ਰਾਹੀ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ, ਨਿਵੇਕਲੀ ਅਤੇ ਅਮਿੱਟ ਪਛਾਣ ਸਥਾਪਿਤ ਕੀਤੀ ਹੈ। ਉਸਨੇ ਆਪਣੇ ਨਾਟਕਾਂ ਵਿੱਚ ਪੇਂਡੂ ਜੀਵਨ ਦੇ ਯਥਾਰਥ ਨੂੰ ਸਜੀਵ ਢੰਗ ਨਾਲ ਮੰਚ ਤੇ ਸੁਰਜੀਤ ਕੀਤਾ ਹੈ। ਉਸਦੀ ਨਾਟਕ ਕਲਾ ਉਸਦੇ ਜੀਵਨ ਅਨੁਭਵਾਂ ਵਿੱਚੋ ਵਿਕਸਿਤ ਹੁੰਦੀ ਹੈ ਜਿਸ ਕਰਕੇ ਨਾਟਕਾਂ ਦਾ ਕਥਾ ਵਸਤੂ ਲੋਕ ਜੀਵਨ ਦੇ ਬਹੁਤ ਨੇੜੇ ਹੀ ਨਹੀਂ ਬਲਕਿ ਉਸਦਾ ਯਥਾਰਥ ਚਿੱਤਰਦੀ ਹੈ। ਉਸਨੇ ਮਾਲਵੇ ਦੀ ਪੇਂਡੂ ਬੋਲੀ ਅਤੇ ਮੁਹਾਵਰੇ ਰਾਹੀਂ ਪੰਜਾਬੀ ਰੰਗਮੰਚ ਨੂੰ ਵਿਸ਼ਵ ਪੱਧਰ ਤੇ ਪਹੁੰਚਾਇਆ ਹੈ। ਉਸਦੀ ਪੇਸ਼ਕਾਰੀ ਦੀ ਕਲਾਤਮਕਤਾ ਹਰ ਪ੍ਰਕਾਰ ਦੇ ਪਾਠਕ ਜਾਂ ਦਰਸ਼ਕ ਨੂੰ ਧੁਰ ਅੰਦਰੋ ਝੰਝੋੜਦੀ ਹੈ। ਬਚਪਨ ਦੀਆਂ ਤੰਗੀਆਂ – ਤਰੁੱਸ਼ੀਆਂ, ਮਜਬੂਰੀਆਂ, ਬੇਵਸੀਆਂ ਅਤੇ ਬਿਸਵੇਦਾਰਾਂ ਦੀਆਂ ਧੱਕੇਸ਼ਾਹੀਆਂ ਉਸਦੇ ਅਵਚੇਤਨ ਮਨ ਵਿੱਚੋ ਨਿਕਲ ਨਹੀਂ ਸਕੀਆਂ ਜੋ ਹਮੇਸ਼ਾ ਉਸਦੀ ਨਾਟ ਸਿਰਜਣਾ ਪਿੱਛੇ ਕਾਰਜਸ਼ੀਲ ਰਹੀਆਂ। ਹੱਥਲੇ ਖੋਜ- ਪੱਤਰ ਦਾ ਮੂਲ ਮਨੋਰਥ ਉਸਦੇ ਤਿੰਨ ਪ੍ਰਸਿੱਧ ਇਕਾਂਗੀ ਅਰਬਦ ਨਰਬਦ ਧੁੰਧੂਕਾਰਾ, ਇੱਕ ਰਮਾਇਣ ਹੋਰ ਅਤੇ ਬਗਾਨੇ ਬੋਹੜ ਦੀ ਛਾਂ ਨੂੰ ਅਧਾਰ ਬਣਾ ਕੇ ਉਸਦੀ ਵਿਚਾਰਧਾਰਾ ਦਾ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨਾ ਹੈ।

ਔਲਖ ਨੂੰ ਯਥਾਰਵਾਦੀ ਸਿਰਜਣਾ ਦਾ ਨਾਟਕਕਾਰ ਕਿਹਾ ਜਾਂਦਾ ਹੈ ਭਾਵੇਂ ਉਹ ਸਿੱਧੇ ਰੂਪ ਵਿੱਚ ਕਿਸੇ ਵਿਸ਼ੇਸ ਵਿਚਾਰਧਾਰਾ ਨਾਲ ਪ੍ਰਤਿਬੱਧ ਹੋ ਕੇ ਨਹੀ ਜੁੜਦਾ। ਫਿਰ ਵੀ ਸ਼ੋਸ਼ਿਤ ਧਿਰ ਦਾ ਪੱਖ ਪੂਰਨਾ ਅਤੇ ਸ਼ੋਸ਼ਿਕ ਵਰਗ ਦੀ ਨੀਅਤ ਤੇ ਉਂਗਲੀ ਉਠਾਉਂਦੇ ਹੋਏ ਸ਼ੋਸ਼ਿਤ ਵਰਗ ਦੇ ਇੱਕ ਮੁੱਠ ਹੋ ਕੇ ਨਵੇਂ ਯੁਗ ਦੀ ਕਲਪਣਾ ਕਰਨਾ ਉਸਨੂੰ ਮਾਰਕਸਵਾਦੀ ਵਿਚਾਰਧਾਰਾ ਨਾਲ ਜੋੜਦੀ ਹੈ। ਕੇਸਰ ਸਿੰਘ ਕੇਸਰ ਅਨੁਸਾਰ, "ਅਜਮੇਰ ਸਿੰਘ ਔਲਖ ਦੇ ਸੰਬੰਧ ਵਿੱਚ ਕਹਿਣਾ ਹੋਵੇ ਤਾਂ ਉਸਦੀ ਵਿਚਾਰਧਾਰਾ ਮਾਰਕਸੀ ਸਿਧਾਂਤ ਤੋ ਪ੍ਰੇਰਿਤ ਪ੍ਰਗਤੀਵਾਦੀ ਵਿਚਾਰਧਾਰਾ ਹੈ। ਪਰ ਉਸਦੀ ਖੂਬੀ ਇਹ ਹੈ ਕਿ ਉਹ ਸਿਧਾਂਤਕ ਤੌਰ ਤੇ ਇਸ ਵਿਚਾਰਧਾਰਾ ਨਾਲ ਪ੍ਰਤੀਬੱਧ ਹੁੰਦਿਆਂ ਹੋਇਆ ਵੀ ਇਸ ਦਾ ਪ੍ਰਚਾਰ ਨਹੀਂ ਕਰਦਾ। ਵਿਚਾਰਧਾਰਾ ਉਸਦੇ ਨਾਟਕਾਂ ਦੇ ਸਮੁੱਚੇ ਪੈਟਰਨ ਜਾਂ ਪਾਤਰਾਂ ਦੀ ਪਰੰਪਰਾਮੂਲਕ ਅਵਚੇਤਨਾ ਅਤੇ ਅਨੁਭਵ – ਸਿੱਧ ਚੇਤਨਾ ਦੇ ਟਕਰਾਉ ਵਿੱਚੋ ਪੈਦਾ ਹੁੰਦੀ ਹੈ। ਇੱਕੋ ਪਾਤਰ ਦੇ ਮਨ ਵਿੱਚ ਇੱਕੋ ਸਮੇਂ ਜਾਂ ਵੱਖ ਵੱਖ ਸਮਿਆਂ ਅਤੇ ਆਸਤਕ ਆਦਰਸ਼ਾਂ ਅਤੇ ਨਾਸਤਕ ਸ਼ੰਕਿਆਂ ਦਾ ਟਕਰਾਓ ਹਰ ਸਮੇਂ ਚਲਦਾ ਰਹਿੰਦਾ ਹੈ। ਆਸਤਕ ਆਦਰਸ਼ ਉਸਨੂੰ ਆਪਣੇ ਪਰੰਪਰਕ ਵਿਰਸੇ (ਦੇਵੀ ਸ਼ਕਤੀਆਂ ਵਿੱਚ ਵਿਸ਼ਵਾਸ ਆਦਿ) ਵਿੱਚੋ ਮਿਲੇ ਹਨ। ਪਰ ਨਾਸਤਕ ਸ਼ੰਕੇ ਉਸਦੇ ਨਿੱਤ ਦੀ ਸੁਰ ਉੱਚੀ ਹੁੰਦੀ ਹੈ। ਜਿੰਦਗੀ ਦੇ ਕਠੋਰ ਯਥਾਰਥ ਨਾਲ ਟਕਰਾਅ ਰਹੇ ਔਲਕ ਦੁਆਰਾ ਸਿਰਜਨ ਪਾਤਰਾਂ ਨੂੰ ਜਦੋਂ ਆਪਣੇ ਸ਼ੰਕਿਆਂ ਨੂੰ ਨਵਿਰਤ ਕਰਨ ਦਾ ਕੋਈ ਰਾਹ ਨਹੀਂ ਲੱਭਦਾ ਤਾਂ ਉਹ ਆਪਣੀ ਆਦਰਸ਼ਕ ਸ਼ਕਤੀ (ਰੱਬ, ਦੇਵੀ-ਦੇਵਤੇ ਆਦਿ) ਨੂੰ ਗਾਲਾਂ ਕੱਢਦਾ, ਬੁਰਾ ਭਲਾ ਕਹਿੰਦਾ ਹੈ ਅਤੇ ਲਲਕਾਰਦਾ ਹੈ। ਉਸਦੇ ਲਗਭਗ ਸਾਰੇ ਨਾਟਕਾਂ ਦੇ ਕੇਂਦਰੀ ਪਾਤਰ ਅਜਿਹੇ ਤਲਖੀ ਨਾਲ ਭਰੇ ਹੁੰਦੇ ਹਨ ਜਿਹੜੇ ਰੱਬ ਅਤੇ ਹਰ ਤਰ੍ਹਾਂ ਦੇ ਧਰਮ-ਕਰਮ ਤੋਂ ਇਨਕਾਰੀ ਹਨ। ਯਥਾਰਵਾਦੀ ਕਲਾ ਵਿਧੀ ਬਾਰੇ ਮਾਰਕਸੀ ਕਾਵਿ ਸ਼ਾਸਤਰ ਦਾ ਮੁੱਖ ਸਿਧਾਂਤ ਇਹ ਹੈ ਕਿ ਵਿਚਾਰਧਾਰਾ ਕਿਸੇ ਵੀ ਕਲਾ ਕਿਰਤ ਦੇ ਅੰਦਰੋਂ ਉਜਾਗਰ ਹੋਣੀ ਚਾਹੀਦੀ ਹੈ। ਇਹ ਪਾਠਕ ਨੂੰ ਪਲੇਟ ਵਿੱਚ ਪਾਕੇ ਪਰੋਸੀ ਨਹੀਂ ਜਾਣੀ ਚਾਹੀਦੀ।"[1]

ਨਾਟਕਕਾਰ ਅਜਮੇਰ ਸਿੰਘ ਔਲਖ ਦਾ ਪਹਿਲਾ ਨਾਟਕ 'ਅਰਬਦ ਨਰਬਦ ਧੁੰਧੂਕਾਰਾ' ਇੱਕ ਐਬਸਰਡ ਨਾਟਕ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਔਲਖ ਨੇ ਆਪਣੇ ਨਾਟਕ ਨੂੰ ਯਥਾਰਥਵਾਦੀ ਲੀਹਾਂ ਉੱਪਰ ਪਾਉਣ ਤੋ ਪਹਿਲਾਂ ਐਬਸਾਰਡ ਨਾਟਕ ਰਚਨਾ ਰਾਹੀਂ ਇਸ ਖੇਤਰ ਵਿੱਚ ਪ੍ਰਵੇਸ਼ ਕੀਤਾ। ਇਸ ਨਾਟਕ ਦਾ ਪਹਿਲਾਂ ਨਾਂ 'ਇਸ਼ਕ ਜਿੰਨ੍ਹਾਂ ਦੇ ਹੱਡੀ ਰਚਿਆਂ' ਸੀ ਪਰ ਬਾਅਦ ਵਿੱਚ ਇਸ ਦਾ ਨਾਂ 'ਅਰਬਦ ਨਰਬਦ ਧੁੰਧੂਕਾਰਾ' ਰੱਖ ਦਿੱਤਾ ਭਾਵੇਂ ਇਸ ਨਾਟਕ ਦੀ ਰਚਨਾ ਸ਼ੈਲੀ ਐਬਸਰਡ ਹੈ ਪਰ ਇਸਦੀ ਧੁਨੀ ਬਹੁਤ ਸਾਰਥਕ ਹੈ। ਇਸ ਕਿਤਾਬ ਦੀ ਭੂਮਿਕਾ ਵਿੱਚ ਪ੍ਰੋ. ਗੁਰਦਿਆਲ ਸਿੰਘ ਲਿਖਦੇ ਹਨ "ਮੁੱਖ ਰੂਪ ਵਿੱਚ ਨਾਟਕ ਦਾ ਸੰਕੇਤ ਇੱਕ ਗੰਭੀਰ ਸਮੱਸਿਆ ਵੱਲ ਹੈ ਜਿਸਦਾ ਹੱਲ ਮਨੁੱਖ ਦੀ ਵਿਵਸਥਾ ਤੋਂ ਆਜਾਦੀ ਵਿੱਚ ਹੈ। ਸਮੱਸਿਆ ਚਾਹੇ 'ਮਹਿਬੂਬ' ਦੀ ਪ੍ਰਾਪਤੀ ਹੋਵੇ, ਜਾਂ ਪੇਟ ਦੀ ਭੁੱਖ, ਵਿਵਸਥਾ ਆਪਣੇ ਥੱਲੇ ਵਸਦੇ ਵਿਅਕਤੀਆਂ ਨੂੰ ਗੁਲਾਮ ਰੱਖਦੇ ਆਪਣੀਆਂ ਲੋੜਾਂ ਤੇ ਵਿਛਾਵਾਂ ਅਨੁਸਾਰ ਉਹਨਾਂ ਨੂੰ ਵਰਤਦੀ ਹੈ। ਜਦੋਂ ਤੱਕ ਮਨੁੱਖ ਦਾ ਖਹਿੜਾ ਨਹੀਂ ਛੁਟਦਾ, ਉਹ ਹਰ ਹਾਲਤ ਵਿੱਚ ਗੁਲਾਮ ਹੈ। ਇਸ ਨਾਟਕ ਵਿੱਚ ਵਿਭਿੰਨ ਪ੍ਰੀਤ ਕਹਾਣੀਆਂ ਦੇ ਨਾਇਕ ਫਰਹਾਦ, ਮਜਨੂੰ, ਰਾਂਝਾ, ਮਿਰਜਾਂ, ਪੁੰਨੂੰ ਅਤੇ ਇੰਦਰ ਇੱਕੋ ਸਟੇਜ ਉਪਰ ਦਿਖਾਏ ਗਏ ਹਨ। ਇਹਨਾਂ ਪਾਤਰਾਂ ਦੀ ਕਾਲ ਵਿੱਥ ਨੂੰ ਨਜ਼ਰ ਅੰਦਾਜ ਕਰਦਿਆਂ ਹੋਇਆ ਇੱਕ ਸਾਂਝੇ ਪ੍ਰਭਾਵ ਦੀ ਇਕਗਾਰਤਾ ਨੂੰ ਸਥਾਪਤ ਕਰਨ ਲਈ ਇਹਨਾਂ ਸਾਰੇ ਨਾਇਕ, ਆਸ਼ਕ ਪਾਤਰਾਂ ਨੂੰ ਇੱਕ ਸਾਂਝੀ ਸਮੱਸਿਆ ਉੱਪਰ ਕੇਂਦਰਤ ਕੀਤਾ ਹੈ। ਲੇਖਕ ਨੇ ਵਰਤਮਾਨ ਸਮੇਂ ਵਿੱਚ ਕੇਂਦਰੀ ਸਮੱਸਿਆ ਨੂੰ ਬਦਲ ਕੇ ਸਾਰੇ ਨਾਇਕਾਂ ਨੂੰ ਰੋਟੀ ਦੀ ਸਮੱਸਿਆ ਦੁਆਲੇ ਕੇਂਦਰਿਤ ਕਰ ਦਿੱਤਾ ਹੈ। ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਤੀਵੀਂ ਅਤੇ ਰੋਟੀ ਮਨੁੱਖ ਦੀਆਂ ਬੁਨਿਆਦੀ ਲੋੜਾਂ ਹਨ ਜਿਨ੍ਹਾ ਉੱਤੇ ਕਾਲੀ ਸ਼ਕਤੀ ਦਾ ਕਬਜਾ ਹੈ। ਕਾਲੀ ਸ਼ਕਤੀ ਕੁਝ ਹੋਰ ਨਹੀਂ, ਨਿੱਜੀ ਜਾਇਦਾਦ ਤੇ ਆਧਾਰਿਤ ਸਮਾਜ ਹੈ ਜਿਸਨੂੰ ਬਦਲੇ ਬਿਨ੍ਹਾਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਅਸੰਭਵ ਹੈ।"[2]

ਔਲਖ ਆਪਣੀ ਚੇਤਨ ਵਿਚਾਰਧਾਰਾ ਕਰਕੇ ਜਾਣਦਾ ਹੈ ਕਿ ਇਸ ਸਮੇਂ ਦਾ ਪੂੰਜੀਵਾਦੀ ਸਮਾਜ ਇੱਕ ਤਰ੍ਹਾਂ ਦਾ ਅਰਬਦ ਨਰਬਦ ਧੁੰਧੂਕਾਰਾ ਹੈ ਅਤੇ ਕਲਾ ਦਾ ਕੰਮ ਇਸ ਧੁੰਧੂਕਾਰੇ ਵਿੱਚੋ ਕੋਈ ਪ੍ਰਬੰਧ ਸਿਰਜਣਾ ਹੈ। ਇਸੇ ਲਈ ਇਸ ਨਾਟਕ ਵਿੱਚ ਇਸ਼ਕ ਦੇ ਰੁਮਾਂਟਿਕ ਜਿਹੇ ਆਦਰਸ਼ ਨੂੰ ਤਿਆਗ ਕੇ ਸਾਰੇ ਪਾਤਰ ਰੋਟੀ ਦਾ ਤਲਾਸ਼ ਅਤੇ ਸੰਘਰਸ਼ ਵੱਲ ਤੁਰਦੇ ਹਨ। ਮੁਢਲੇ ਰੂਪ ਇਹੋ ਜਾਪਦਾ ਹੈ ਕਿ ਉਨ੍ਹਾਂ ਦਾ ਸੰਘਰਸ਼ ਵਿਅਕਤੀਗਤ ਮਾਹਰਕੇ –ਬਾਜੀ ਤੱਕ ਸੀਮਿਤ ਹੈ (ਜਦੋ ਇਹ ਨਾਟਕ ਲਿਖਿਆ ਗਿਆ ਉਦੋਂ ਚੱਲ ਰਹੀ ਨਕਸਲਵਾਦੀ ਲਹਿਰ ਦੇ ਪ੍ਰਭਾਵ ਕਾਰਨ ਔਲਖ ਦਾ ਅਜਿਹਾ ਵਿਚਾਰ ਹੋ ਵੀ ਸਕਦਾ ਹੈ) ਪਰ ਇਸ ਨਾਟਕ ਵਿੱਚ ਸਾਰੇ ਆਸ਼ਕ ਪਾਤਰ ਇੱਕ ਦੂਜੇ ਨਾਲ ਜੁੜ ਕੇ ਸੰਘਰਸ਼ ਦੇ ਰਾਹ ਤੁਰਨ ਦੀ ਕੋਸ਼ਿਸ ਕਰਦੇ ਹਨ। ਇਹਨਾਂ ਪਾਤਰਾਂ ਦਾ ਟਕਰਾਉ ਉਹਨਾਂ ਧਾਰਮਿਕ ਤੇ ਪਖੰਡੀ ਸ਼ਕਤੀਆਂ ਨਾਲ ਹੈ, ਜੋ ਉਹਨਾਂ ਦੇ ਸੰਘਰਸ਼ ਨੂੰ ਖਿਡਾਉਣ ਦਾ ਕੰਮ ਕਰਦੀਆਂ ਹਨ।

'ਇੱਕ ਰਮਾਇਣ ਹੋਰ' ਇਕਾਂਗੀ ਵੀ ਛੋਟੀ ਕਿਸਾਨ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਲੇਖਕ ਦੱਸਣਾ ਚਾਹੁੰਦਾ ਹੈ ਕਿ ਛੋਟੀ ਕਿਸਾਨੀ ਦੀ ਆਰਥਿਕ ਸਥਿਤੀ ਪਰਿਵਾਰਾਂ ਦੀ ਵੰਡ ਨਾਲ ਲਗਤਾਰ ਪਤਲੀ ਪੈ ਰਹੀ ਹੈ। ਅਸਲ ਵਿੱਚ ਇਹ ਨਾਟਕ ਘੱਟ ਜਮੀਨ ਅਤੇ ਤੀਵੀ ਦੀ ਥੁੜਾਂ ਦੇ ਅੰਤਰ ਸੰਬੰਧਾਂ ਦਾ ਅਧਿਐਨ ਹੈ। "ਇਹ ਭਾਰਤੀ ਸੰਸਕ੍ਰਿਤੀ ਦੇ ਪ੍ਰਤੀਕ ਮਹਾਂ ਕਾਵਿ ਰਮਾਇਣ ਦੀ ਆਲੋਚਨਾ ਹੈ। ਰਮਾਇਣ ਵਿੱਚ ਪੇਸ਼ ਹੋਇਆ ਸੁੱਚਤਾ ਦਾ ਪ੍ਰਤਿਮਾਨ ਜਦੋ ਛੋਟੀ ਕਿਸਾਨੀ ਦੀ ਔਕੜਾਂ ਤੰਗੀਆਂ ਅਤੇ ਵਾਸਵਿਕ ਵਸਤੂ ਸਥਿਤੀ ਨਾਲ ਟਕਰਾਉਂਦਾ ਹੈ ਤਾਂ ਇੱਕ ਵੱਡਾ ਦੁਖਾਂਤ ਹੋ ਨਿਬੜਦਾ ਹੈ। ਇਸ ਨਾਟਕ ਦੇ ਮੁੱਖ ਪਾਤਰ ਰਾਮ ਲਛਮਣ ਅਤੇ ਸੀਤੋ ਤਿੰਨੇ ਸੁੱਚਤਾ ਦੇ ਪ੍ਰਤਿਮਾਨ ਤੇ ਪੂਰੇ ਉਤਰਨ ਲਈ ਯਤਨਸ਼ੀਲ ਹਨ ਪਰ ਆਰਥਿਕ ਸਥਿਤੀ ਦੀ ਕਠੋਰਤਾ ਦੇ ਸਾਹਮਣੇ ਉਹਨਾਂ ਦੀ ਕੋਈ ਪੇਸ਼ ਨਹੀ ਜਾਂਦੀ, ਘਰ ਦੀ ਕਬੀਲਦਾਰੀ ਨਿਪਟਾਉਣ ਲਈ ਘਰ ਅਤੇ ਜਮੀਨ, ਅੱਧੀ ਵੰਡੀ ਜਾਣ ਡਰੋ ਸੀਤੋ ਨੂੰ ਆਪਣੇ ਜੇਠ ਲਛਮਣ ਦੇ ਮੰਜੇ ਦੀ ਬਾਹੀ ਤੇ ਬੈਠਣਾ ਪੈਂਦਾ ਹੈ ਜਿਸਨੂੰ ਰਾਮ ਸੰਕੇਤਕ ਰਜਾਮੰਦੀ ਦੇਣੀ ਪੈਂਦੀ ਹੈ ਅਤੇ ਲਛਮਣ ਨੂੰ ਵੀ ਆਪਣਾ ਧਰਮ ਤਿਆਗਣਾ ਪੈਂਦਾ ਹੈ ਕਿਉ ਥੋੜੀ ਜਮੀਨ ਦਾ ਮਾਲਕ ਹੋਣ ਕਰਕੇ ਉਸਦਾ ਵਿਆਹ ਸੰਭਵ ਨਹੀ ਅਤੇ ਉਸ ਦੀਆਂ ਭਾਵੁਕ ਲੋੜਾਂ ਦੀ ਪੂਰਤੀ ਦਾ ਹੋਰ ਕੋਈ ਸਥਾਨ ਪ੍ਰਾਪਤ ਨਹੀ ਹੈ।"[3]

ਕੇਸਰ ਸਿੰਘ ਕੇਸਰ ਅਨੁਸਾਰ, "ਅਜਮੇਰ ਸਿੰਘ ਔਲਖ ਬਾਰੇ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਉਹ ਕਿਸਾਨੀ ਦੇ ਸੱਭਿਆਚਾਰਕ ਸੰਕਟ ਦਾ ਨਾਟਕਕਾਰ ਹੈ। ਪਰ ਮੇਰੇ ਵਿਚਾਰ ਵਿੱਚ ਉਸਦੀ ਪਹੁੰਚ ਕੇਵਲ ਸਭਿਆਚਾਰਕ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਉਸ ਦੇ ਪਿੱਛੇ ਕੰਮ ਕਰਨ ਰਹੀਆਂ ਆਰਥਿਕ ਸ਼ਕਤੀਆਂ, ਨਿੱਜੀ ਜਾਇਦਾਦ ਤੇ ਆਰਥਿਕ ਸਮਾਜਿਕ ਬਣਤਰ ਅਤੇ ਮਨੁੱਖ ਦੇ ਸ਼ੋਸ਼ਣ ਤੱਕ ਪਹੁੰਚਦੀ ਹੈ। ਮਿਸ਼ਾਲ ਵਜੋਂ ਇੱਕ ਰਮਾਇਣ ਹੋਰ ਦੇਖਣ ਨੂੰ ਭਾਰਤੀ ਸੱਭਿਆਚਾਰ ਵਿੱਚ ਤੁਰੇ ਆਉਂਦੇ ਔਰਤ ਦੇ ਮਿੱਥਕ ਸਰੂਪ ਦੇ ਭੋਜਨ ਦੀ ਅਤੇ ਉਸ ਮਿੱਥ ਦੇ ਉਲਟਾਉ ਦੀ ਕਹਾਣੀ ਹੈ। ਪਰ ਔਲਖ ਇਸ ਦੇ ਪਿੱਛੇ ਸਮਾਜਿਕ ਸ਼ੋਸ਼ਣ ਦੇ ਇੱਕ ਨਵੇਂ ਪਾਸਾਰ ਵੱਲ ਵੀ ਸੰਕੇਤ ਕਰਦਾ ਹੈ। ਸ਼ੋਸ਼ਣ ਸਿਰਫ ਮਜਦੂਰ ਜਮਾਤ ਦਾ ਹੀ ਨਹੀਂ ਹੁੰਦਾ, ਔਰਤ ਵੀ ਅਜਿਹੇ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਸ਼ੋਸ਼ਣ ਦਾ ਮੋਟਾ ਜਿਹਾ ਅਰਥ ਇਹ ਹੈ ਕਿ ਜਦੋਂ ਕੋਈ ਵਿਅਕਤੀ ਆਪਣੇ ਲਈ ਪੈਦੇ ਕੀਤੇ ਉਪਯੋਗੀ ਮੁੱਲ ਤੋਂ ਵਾਧੂ ਮੁੱਲ ਪੈਦਾ ਕਰਕੇ ਕਿਸੇ ਹੋਰ ਦੀ ਝੋਲੀ ਪਾਉਂਦਾ ਹੈ, ਤਾਂ ਉਸਦਾ ਸ਼ੋਸ਼ਣ ਹੁੰਦਾ ਹੈ, 'ਇੱਕ ਰਮਾਇਣ ਹੋਰ' ਦੀ ਸੀਤੋ ਆਪਣੇ ਪਤੀ ਲਈ ਆਪਣੇ ਬੱਚਿਆ ਲਈ ਅਤੇ ਆਪਣੇ ਲਈ ਉਪਯੋਗੀ ਮੁੱਲ ਪੈਦਾ ਕਰਦੀ ਹੈ, ਪਰ ਜਦੋਂ ਉਹ ਆਰਥਿਕ ਮਜ਼ਬੂਰੀਆਂ ਵੱਸ ਆਪਣੀ ਵਾਧੂ ਸ਼ਕਤੀ ਲੱਛੇ ਅੱਗੇ ਸੌਂਪਣ ਲਈ ਬੇਵੱਸ ਹੁੰਦੀ ਹੈ ਤਾਂ ਮਾਨਸਿਕ ਯਾਤਰਾ ਦੇ ਨਾਲ ਨਾਲ ਉਹ ਆਰਥਿਕ ਤੌਰ ਤੇ ਵੀ ਸ਼ੋਸ਼ਿਤ ਹੁੰਦੀ ਹੈ।"[4] ਉਪਰੋਕਤ ਲੇਖਕ ਅਨੁਸਾਰ, "ਔਲਖ ਦੇ ਨਾਟਕਾਂ ਵਿੱਚ ਇਹ ਧੁਨੀ ਵੀ ਉਭਰਦੀ ਹੈ ਕਿ ਪੁਰਖ-ਸਤਾ ਵਾਲੇ ਸਮਾਜਾਂ ਵਿੱਚ ਔਰਤ ਵੀ ਮਜ਼ਦੂਰ ਵਰਗ ਵਾਂਗ ਸ਼ੋਸ਼ਿਤ ਧਿਰ ਹੁੰਦੀ ਹੈ ਅਤੇ ਉਸਦੇ ਸ਼ੋਸ਼ਣ ਜਾਂ ਦਮਨ ਦੇ ਕਈ ਰੂਪ ਹੁੰਦੇ ਹਨ। ਇਸ ਤਰ੍ਹਾਂ ਅਜਮੇਰ ਔਲਖ ਦੀ ਵਿਚਾਰਾਂ ਨੂੰ ਉਸਦੇ ਬਾਕੀ ਨਾਟਕਾਂ ਦੇ ਪ੍ਰਸੰਗ ਵਿੱਚ ਵਿਸ਼ਲੇਸ਼ਤ ਕੀਤਾ ਜਾ ਸਕਦਾ ਹੈ ਅਤੇ ਕਿਹਾ ਜਾ ਸਕਦਾ ਹੈ ਕਿ ਔਲਖ ਨੇ ਆਪਣੀ ਮਾਰਕਸੀ, ਪ੍ਰਗਤੀਵਾਦੀ ਵਿਚਾਰਧਾਰਾ ਦਾ ਕਲਾਤਮਕ ਪ੍ਰਯੋਗ ਬੜੇ ਸ਼ਕਤੀਸ਼ਾਲੀ ਰੂਪ ਵਿੱਚ ਕੀਤਾ ਹੈ। ਇਹੋ ਉਸਦੀ ਬੁਲੰਦੀ ਦਾ ਬੁਨਿਆਦੀ ਭੇਦ ਹੈ ਕਿ ਅਨਪੜ੍ਹ, ਦਰਸ਼ਕ/ਪਾਠਕ ਵੀ ਉਸਦੀ ਇਸ ਸ਼ਕਤੀ ਤੋਂ ਪ੍ਰਭਾਵਿਤ ਹੁੰਦੇ ਹਨ।"[5]

"ਬਗਾਨੇ ਬੋਹੜ ਦੀ ਛਾਂ" ਅਰਬਰ ਨਰਬਦ ਧੁੰਧੂਕਾਰਾ ਨਾਟ ਸੰਗ੍ਰਿਹ ਦੀ ਦੂਸਰੀ ਰਚਨਾ 'ਬੇਗਾਨੀ ਰੁੱਖ ਦੀ ਛਾਂ' ਦੇ ਨਾਂ ਹੇਠ ਛਾਪਿਆ ਗਿਆ ਹੈ। ਇਹ ਇਕਾਂਗੀ ਔਲਖ ਦੀ ਇੱਕ ਸਾਹਕਾਰ ਰਚਨਾ ਹੈ। ਇਸ ਇਕਾਂਗੀ ਦੇ ਲਿਖਣ ਨਾਲ ਔਲਖ ਤੀਜੀ ਪੀੜ੍ਹੀ ਦੇ ਨਾਟਕਕਾਰਾਂ ਦੀ ਮੁੱਢਲੀ ਕਤਾਰ ਵਿੱਚ ਆਣ ਖੜਾ ਹੋਇਆ। ਉਸਨੇ ਪਹਿਲੀ ਵਾਰ ਪੇਂਡੂ ਕਿਰਤੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਅਤੇ ਉਹ ਵੀ ਉਹਨਾਂ ਦੀ ਤ੍ਰਾਸਦੀ ਦੇ ਪਿਛੋਕੜ ਵਿੱਚ ਅਜਮੇਰ ਔਲਖ ਦੇ ਨਾਟਕ ਵਿੱਚ ਸੰਕਟ ਗ੍ਰਸਤ ਨਿਮਨ ਕਿਸਾਨੀ ਦੀਆਂ ਸਮਾਜਿਕ ਤੇ ਭਾਈਚਾਰਕ ਸਮੱਸਿਆਵਾਂ ਨੂੰ ਉਹਨਾਂ ਦੇ

ਯਥਾਰਥਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਨਾਟਕ ਦੇ ਪਿਛੋਕੜ ਵਿੱਚ ਗਜਣ ਸਿੰਘ ਅਤੇ ਉਸਦੇ ਛੋਟੇ ਪੁੱਤਰ ਮੇਲੇ ਵਿੱਚਕਾਰ ਪਿਤਾ ਪੁਰਖੀ ਜਾਇਦਾਦ ਦੀ ਵੰਡ ਹੋ ਚੁੱਕੀ ਹੈ ਅਤੇ ਦੋਨੋ ਭਰਾ ਆਪੋ ਆਪਣੀਆਂ ਪਰਿਵਾਰਕ ਸਮੱਸਿਆਵਾਂ ਵਿੱਚ ਉਲਝੇ ਪਏ ਹਨ। ਨਾਟਕ ਦੇ ਅੰਤਲੇ ਦ੍ਰਿਸ਼ ਵਿੱਚ ਗੱਜਣ ਦੇ ਪਰਿਵਾਰ ਨੂੰ ਸਰਦਾਰਾਂ ਦੀ ਵਧੀਕੀ ਦੇ ਵਿਰੁੱਧ ਇਕੱਠੇ ਹੁੰਦੇ ਦਿਖਾਇਆ ਗਿਆ ਹੈ। ਇੱਥੇ ਔਲਖ ਦੀ ਜਗੀਰਦਾਰੀ ਪ੍ਰਤੀ ਗੁੱਸੇ ਦੀ ਭਾਵਨਾ ਸਾਫ਼ ਉਜਾਗਰ ਹੁੰਦੀ ਹੈ। ਪੇਂਡੂ ਸਮਾਜ ਦੇ ਹੋਰ ਨਿਮਨ ਵਰਗਾਂ ਨੂੰ ਵੀ ਨਾਟਕਕਾਰ ਨੇ ਪੂਰੀ ਪ੍ਰਤਿਨਿੱਧਤਾ ਦਿੱਤੀ ਹੈ ਹਰੀਜਨ ਸੀਰੀ ਬੇਜਮੀਨੇ ਅਤੇ ਕਿਸਾਨਾਂ ਦੀ ਪ੍ਰਤਿਨਿੱਧਤਾ ਲਈ ਦੌਲਾ ਤੇ ਉਸਦਾ ਮੁੰਡਾ ਅਨੇਕਾਂ ਆਰਥਿਕ ਸੰਕਟਾਂ ਦਾ ਸਾਕਾਰ ਰੂਪ ਪੇਸ਼ ਕਰਦੇ ਹਨ।

'ਬੇਗਾਨੇ ਬੋਹੜ ਦੀ ਛਾਂ' ਵਿੱਚ ਗੱਜਣ ਸਿੰਘ ਦੇ ਪਰਿਵਾਰ ਦਾ ਹਰੇਕ ਜੀ ਇੱਕ ਦੂਜੇ ਨੂੰ ਦੋਸ਼ੀ ਸਮਝਦਾ ਹੈ ਜਦਕਿ ਹਕੀਕਤ ਇਹ ਹੈ ਕਿ ਸਮਾਜ ਦੇ ਪੂੰਜੀਵਾਦੀ ਵਿਕਾਸ ਦੀ ਸਥਿਤੀ ਵਿੱਚ ਕੋਈ ਵੀ ਕਿਸਾਨ ਟੱਬਰ ਆਪਣੀ ਨਿੱਤ ਘੱਟਦੀ ਜਮੀਨ ਨਾਲ ਕਬੀਲਦਾਰੀ ਦੇ ਪੰਜ ਪਾਂਜੇ ਪੂਰੇ ਨਹੀ ਕਰ ਸਕਦਾ। 'ਨਾਟਕਾਂ ਦੇ ਅੰਤਲੇ ਦ੍ਰਿਸ਼ ਵਿੱਚ ਗੱਜਣ ਸਿੰਘ ਦੇ ਪਰਿਵਾਰ ਨੂੰ ਸਰਦਾਰਾ ਦੀ ਵਧੀਕੀ ਵਿਰੁੱਧ ਇੱਕ ਮੁੱਠ ਹੁੰਦਾ ਵਿਖਾਇਆ ਗਿਆ ਹੈ। ਮੈਨੂੰ ਤਾਂ ਇਸ ਦ੍ਰਿਸ਼ ਵਿੱਚੋਂ ਸਾਂਝੀ ਮਲਕੀਅਤ ਲਈ ਸਾਂਝੀ ਜੱਦੋ ਜਹਿਦ ਦੀ ਬੜੀ ਅਰਥਵਾਨ ਧੁਨੀ ਦੀ ਗੂੰਜ ਸੁਣਾਈ ਦਿੰਦੀ ਹੈ। ਆਪਣਾ ਘਰ ਘਾਟ ਗੁਆ ਚੁੱਕੇ ਜੱਟ ਕਿਸਾਨ ਪ੍ਰੀਤੇ ਦੇ ਦੁਖਾਂਤ, ਬਿਰਧ ਔਰਤ ਦੀ ਜਮੀਨ ਉਸਦੇ ਰਿਸਤੇਦਾਰਾਂ ਦੁਆਰਾ ਹਥਿਆਈ ਜਾਣ ਦੇ ਦੁਖਾਂਤ ਅਤੇ ਪਿੰਡ ਦੇ ਆਜੜੀ ਵਾਗੀ ਦੇ ਦੁਖਾਂਤ ਦੀ ਪੇਸ਼ਕਾਰੀ ਸਾਡੀ ਇਸ ਧਾਰਨਾ ਦੀ ਪੁਸ਼ਟੀ ਕਰਦੀ ਹੈ ਕਿ ਕਿਸਾਨੀ ਦੀ ਮੁਕਤੀ ਪਿੰਡ ਦੀਆਂ ਮਾੜੀਆਂ ਥੁੜ੍ਹੀਆਂ ਜਾਤੀਆਂ ਸ਼੍ਰੇਣੀਆਂ ਦੇ ਨਾਲ ਰਲ ਕੇ ਸਾਂਝੀ ਜਾਇਦਾਦਾ ਲਈ ਕੀਤੇ ਸਾਝੇ ਸੰਘਰਸ਼ ਦੀ ਸਫ਼ਲਤਾ ਵਿੱਚ ਨਿਹਿਤ ਹੈ।"[6]

"ਕਾਸ਼ੀ ਰਾਮ ਅਸਲ ਵਿੱਚ ਪੂੰਜੀਵਾਦ ਦੀ ਪ੍ਰਤਿਨਿਧਤਾ ਕਰਦਾ ਹੈ। ਕਿਰਤੀ ਅਤੇ ਕਿਸਾਨ ਦਾ ਕੰਗਾਲੀਕਰਣ ਪੂੰਜੀਵਾਦੀ ਵਿਕਾਸ ਦਾ ਇੱਕ ਅਟੱਲ ਨਤੀਜਾ ਹੈ। ਇਹ ਇਸੇ ਕਾਰਨ ਹੀ ਹੈ ਕਿ ਇਸ ਨਾਟਕ ਵਿੱਚ ਧਨੀ ਕਿਸਾਨੀ ਅਤੇ ਸ਼ਾਹੂਕਾਰ (ਕਾਸ਼ੀ) ਦੇ ਗੱਠਜੋੜ ਦਾ ਜਮਾਤੀ ਸੰਘਰਸ ਗੱਜਣ/ ਦੌਲੇ ਦੇ ਰੂਪ ਵਿੱਚ ਕਿਰਤੀ + ਕਿਸਾਨੀ ਵਰਗ ਨਾਲ ਚੱਲਦਾ ਹੈ ਜਿਸ ਵਿੱਚ ਪੂੰਜੀਵਾਦ ਹੱਥੋਂ ਕਿਰਤੀ ਕਿਸਾਨ ਜਮਾਤ ਦੀ ਲੁੱਟ ਖਸੁੱਟ ਅਤੇ ਅਧੀਨਗੀ ਇੱਕ ਠੋਸ਼ ਇਤਿਹਾਸਕ ਸੱਚ ਹੈ। ਪੂੰਜੀਵਾਦੀ ਸ਼ਕਤੀਆਂ ਦੀ ਜਿੱਤ ਅਤੇ ਸਥਾਪਤੀ ਲਈ ਵੇਲੇ ਦਾ ਰਾਜਨੀਤਿਕ ਪ੍ਰਬੰਧ (ਪੁਲਿਸ ਦੇ ਰੂਪ ਵਿੱਚ) ਇਹਨਾਂ ਸ਼ਕਤੀਆਂ ਦੇ ਹਿੱਤਾਂ ਦਾ ਰਾਖੀ ਲਈ ਹੀ ਬਣਿਆ ਹੈ। ਇਉਂ ਇਹ ਨਾਟਕ ਸਮਾਜ ਵਿੱਚ ਚੱਲ ਰਹੇ ਜਮਾਤੀ ਸੰਘਰਸ ਦੀ ਇੱਕ ਪ੍ਰਤੀਨਿੱਧ ਤਸਵੀਰ ਪੇਸ਼ ਕਰਦਾ ਹੈ। ਸਮੁੱਚੇ ਨਾਟਕ ਵਿੱਚ ਊਣੇ, ਵਿਹੂਣੇ ਅਤੇ ਨਿਗੁਣੇ ਤਿੰਨਾਂ ਦੇ ਜੀਵਨ ਦੀ ਮੰਦੀ ਅਤਿ ਤਰਸਯੋਗ ਹਾਲਤ ਦਾ ਮੁੱਖ ਕਾਰਨ ਪਿੰਡ ਦੀ ਪੱਧਰ ਉੱਪਰ ਧਨੀ ਕਿਸਾਨੀ ਅਤੇਤ ਸੂਦਖੋਰ ਧਿਰ (ਲੰਬਰਦਦਾਰ+ਕਾਂਸੀ ਰਾਮ) ਵੱਲੋ ਕੀਤੀ ਜਾਂਦੀ ਕਿਰਤੀ ਅਤੇ ਕਿਸਾਨੀ ਦੀ ਲੁੱਟ ਹੈ।"[7]

ਸਬਿੰਦਰਜੀਤ ਸਾਗਰ ਅਨੁਸਾਰ, ਉਹ ਕਲਾ ਦੇ ਵਿਚਾਰਧਾਰਾ ਵਿੱਚ ਕੋਈ ਵਿਰੋਧੀ ਨਹੀ ਸਮਝਦਾ ਸਗੋਂ ਉਸ ਲਈ ਵਿਚਾਰਧਾਰਾ ਕਲਾ ਦੇ ਵਿਕਾਸ ਲਈ ਜਰੂਰੀ ਹੈ। ਮਾਰਕਸਵਾਦੀ ਵਿਚਾਰਧਾਰਾ ਬਾਰੇ ਆਪਣੀ ਪ੍ਰਤੀਬੱਧਤਾ ਨੂੰ ਉਹ ਇੰਝ ਪ੍ਰਗਟਾਉਂਦਾ ਹੈ, "ਮੈ ਪੱਕਾ ਜਾਂ ਕੱਟੜ ਮਾਰਕਸਵਾਦੀ ਤਾਂ ਨਹੀ ਰਪਰ ਮਾਰਕਸਵਾਦ ਦੇ ਬੁਨਿਆਦੀ ਸਿਧਾਂਤਾਂ ਤੋਂ ਮੈ ਪ੍ਰਭਾਵਿਤ ਹਾਂ। ਪਰ ਮੈਂ ਸਿੱਧੇ ਪੱਧਰੇ ਢੰਗ ਨਾਲ ਮਾਰਕਸਵਾਦ ਦਾ ਪ੍ਰਚਾਰ ਵੀ ਨਹੀ ਕਰਨਾ ਚਾਹੁੰਦਾ ਮੈਂ ਆਪਣੇ ਨਾਟਕ ਰਾਹੀਂ ਸਾਧਾਰਨ, ਉਹ ਵੀ ਪੇਂਡੂ। ਮਨੁੱਖ ਨੂੰ ਇਹ ਅਹਿਸਾਸ ਕਰਵਾਉਣਾ ਚਾਹੁੰਦਾ ਹਾਂ ਕਿ ਜਿਸ ਆਰਥਿਕ ਸਮਾਜਿਕ ਢਾਂਚੇ ਵਿੱਚ ਉਹ ਜਿਉਂ ਜਿਹਾ ਹੈ। ਉਸ ਵਿੱਚ ਉਸ ਨੂੰ ਕਿਸੇ ਤਰ੍ਹਾਂ ਦੀ ਸੁੱਖ ਪ੍ਰਾਪਤ ਨਹੀ ਹੋਵੇਗਾ। ਕਲਾਤਮਿਕ ਢੰਗ ਨਾਲ ਇਸ਼ਾਰਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਵਰਤਮਾਨ ਆਰਥਿਕ ਸਮਾਜਿਕ ਢਾਂਚੇ ਨੂੰ ਬਦਲਿਆਂ ਹੀ ਉਸਦੀ ਮੁਕਤੀ ਹੋਣੀ ਹੈ।"[8]

ਡਾ. ਸਰਬਜੀਤ ਸਿੰਘ ਅਨੁਸਾਰ, "ਜਮਾਤੀ ਸਮਾਜ ਵਿੱਚ ਔਰਤ ਅਤੇ ਮਰਦ ਦੋਵੇਂ ਹੀ ਸ਼ੋਸ਼ਣ ਦੇ ਭਾਗ ਬਣਦੇ ਹਨ। ਔਰਤ ਹੋਰ ਵਧੇਰੇ ਸ਼ੋਸ਼ਿਤ ਹੁੰਦੀ ਹੈ ਕਿਉਂਕਿ ਫਿਊਡਲ ਸਿਸਟਮ ਵਿੱਚ ਔਰਤ ਮਰਦ ਤੇ ਨਿਰਭਰ ਰਹਿੰਦੀ ਹੈ। ਔਰਤ ਦੀ ਉਤਪਾਦਨੀ ਸਾਧਨਾ ਤੋਂ ਮਹਿਰੂਮ ਕਰ ਦਿੰਦਾ ਹੈ। ਜਮੀਨ ਨੂੰ ਇਕੱਠਾ ਤੇ ਸਾਂਝਾ ਰੱਖਣ ਦੀ ਪ੍ਰਵਿਰਤੀ ਜਮੀਨ ਦੇ ਵੰਡ ਜਾਣ ਦੇ ਡਰੋਂ ਇੱਕੋ ਔਰਤ ਪਰਿਵਾਰ ਵਿੱਚ ਹੋਰਨਾਂ ਦੀ ਲੋੜ ਵਜੋਂ ਵਰਤੀ ਜਾਣ ਵਾਲੀ ਸ਼ੈਅ (ਵਸਤੂ) ਬਣ ਜਾਂਦੀ ਹੈ।"[9] ਸੁਰਜੀਤ ਸਿੰਘ ਭੱਟੀ ਅਨੁਸਾਰ, "ਆਮ ਲੋਕ ਜਿੰਨੀ ਜਲਦੀ ਇਨ੍ਹਾਂ ਲੋਕ ਵਿਰੋਧੀ ਸ਼ਕਤੀਆਂ ਦੀ ਸਨਾਖਤ ਕਰਕੇ ਇਹਨਾਂ ਦੇ ਖਿਲਾਫ਼ ਸੰਗਠਿਤ ਹੋ ਕੇ ਸੰਘਰਸ ਨਹੀਂ ਕਰਦੇ ਉਨੀ ਦੇਰ ਤੀਕ ਉਹ ਬਗਾਨੇ ਬੋਹੜ ਦੀ ਛਾਂ ਦੀ ਮ੍ਰਿਗ ਤ੍ਰਿਸ਼ਣਾ ਪਿੱਛੇ ਹਫ਼ਦੇ ਰਹਿਣਗੇ। ਇਹ ਬੋਹੜ ਜਿਹੜਾ ਪ੍ਰਤੀਕ ਰੂਪ ਵਿੱਚ ਲੰਬਰਦਾਰਾਂ ਅਤੇ ਕਾਸ਼ੀ ਰਾਮਾ ਦੇ ਕਬਜੇ ਹੇਠ ਹੈ। ਆਖ਼ਰ ਨੂੰ ਇਨ੍ਹਾਂ ਸ਼ਕਤੀਆਂ ਨੂੰ ਹਰਾ ਦੇ ਇਸ ਹੇਠ ਗੱਜਣ, ਮੇਲਾ, ਪੀਤਾ, ਬਿਸ਼ਨੀ ਅਤੇ ਦੌਲਾ ਦੇ ਮੰਜੇ ਡਹਿਣੇ ਹਨ।"[10]

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਔਲਖ ਨੇ ਭਾਵੇਂ ਆਪਣੀ ਵਿਚਾਰਧਾਰਾ ਤੇ ਭਾਵੇਂ ਕਿਸੇ ਵਾਦ ਦੀ ਮੋਹਰ ਲੱਗਣ ਦਿੱਤੀ ਪ੍ਰੰਤੂ ਉਹਨਾਂ ਦੀ ਯਥਾਰਥਵਾਦੀ ਪ੍ਰਗਤੀਵਾਦੀ ਸ਼ੈਲੀ ਵਿੱਚੋਂ ਮਰਕਸਵਾਦੀ ਨਜ਼ਰੀਆਂ ਸੁੱਤੇ – ਸਿਧ ਹੀ ਉਭਰਦਾ ਹੈ। ਉਹ ਸ਼ੋਸ਼ਿਤ ਧਿਰ ਦਾ ਪਹਿਰੇਦਾਰ ਹੈ ਅਤੇ ਸ਼ੋਸ਼ਕ ਵਰਗ ਦੀ ਬਦਨੀਤੀ ਨੂੰ ਚੁਣੌਤੀ ਦਿੰਦਾ ਹੈ। ਉਸਦੇ ਪਾਤਰ ਬੇਜਮੀਨੇ, ਘੱਟ ਜਮੀਨ ਵਾਲੇ, ਮਜਦੂਰ, ਮਜਬੂਰ ਔਰਤਾਂ ਆਦਿ ਜੋਰਾਵਰ ਧਿਰਾਂ ਦੀਆਂ ਜਿਆਤੀਆਂ ਦਾ ਸ਼ਿਕਾਰ ਹੈ, ਉਹ ਮਜਲੂਮਾਂ ਨੂੰ ਇੱਕ ਮੁੱਠ ਹੋਣ ਦਾ ਹੋਕਾ ਦੇ ਕੇ ਜੋਰਾਵਰਾਂ ਵਿਰੁੱਧ ਅਵਾਜ਼ ਉਠਾਉਣ ਦਾ ਹੋਕਾ ਦਿੰਦਾ ਹੈ ਅਤੇ ਅਚੇਤ ਹੀ ਵਰਗ ਰਹਿਤ ਸਮਾਜ ਦੀ ਕਾਮਨਾ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

| | | | |
|---|---|---|---|
| 1. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਔਲਖ ਦੀ ਨਾਟ-ਭੂਮੀ, ਡਾ. ਕੇਸਰ ਸਿੰਘ, ਅਜਮੇਰ ਸਿੰਘ ਔਲਖ ਦੀ ਨਾਟ-ਧਾਰਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ। | 30-31 |
| 2. | ਅਜਮੇਰ ਸਿੰਘ ਔਲਖ | ਅਰਬਦ ਨਰਬਰ ਧੰਧੂਕਾਰਾ 'ਸੁਆਗਤ' ਪ੍ਰੋ. ਗੁਰਦਿਆਲ ਸਿੰਘ | 1 |
| 3. | ਅਜਮੇਰ ਸਿੰਘ ਔਲਖ | ਅਰਬਦ ਨਰਬਰ ਧੰਧੂਕਾਰਾ 'ਸੁਆਗਤ' ਪ੍ਰੋ. ਗੁਰਦਿਆਲ ਸਿੰਘ | 1 |
| 4. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਔਲਖ ਦੀ ਨਾਟ ਭੂਮੀ, ਡਾ. ਕੇਸਰ ਸਿੰਘ, ਅਜਮੇਰ ਸਿੰਘ ਔਲਖ ਦੀ ਨਾਟ – ਧਾਰਾ | 32 |
| 5. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਔਲਖ ਦੀ ਨਾਟ ਭੂਮੀ, ਡਾ. ਕੇਸਰ ਸਿੰਘ, ਅਜਮੇਰ ਸਿੰਘ ਔਲਖ ਦੀ ਨਾਟ – ਧਾਰਾ | 32 |
| 6. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਸਿੰਘ ਔਲਖ ਦੀ ਨਾਟ- ਭੂਮੀ, ਟੀ.ਆਰ. ਵਿਨੋਦ, ਅਜਮੇਰ ਸਿੰਘ ਔਲਖ ਦੇ ਨਾਟਕਾਂ ਦੇ ਸਰੋਕਾਰ | 39 |
| 7. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਸਿੰਘ ਔਲਖ ਦੀ ਨਾਟ- ਭੂਮੀ, ਟੀ.ਆਰ. ਵਿਨੋਦ, ਅਜਮੇਰ ਸਿੰਘ ਔਲਖ ਦੇ ਨਾਟਕਾਂ ਦੇ ਸਰੋਕਾਰ | 40 |
| 8. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਔਲਖ ਦੀ ਨਾਟ ਭੂਮੀ, ਸਵਿੰਦਰਜੀਤ ਸਿੰਘ ਸਾਗਰ, ਪੰਜਾਬੀ ਰੰਗਮੰਚ ਪਰੰਪਰਾ ਤੇ ਅਜਮੇਰ ਸਿੰਘ ਔਲਖ | 72 |
| 9. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਔਲਖ ਦੀ ਨਾਟ ਭੂਮੀ, ਡਾ. ਸਰਬਜੀਤ ਸਿੰਘ, ਪੰਜਾਬੀ ਰੰਗਮੰਚ ਪਰੰਪਰਾ ਅਤੇ ਅਜਮੇਰ ਸਿੰਘ ਔਲਖ ਰਚਨਾ ਦ੍ਰਿਸ਼ਟੀ | 82 |
| 10. | ਸੁਖਦੇਵ ਸਿੰਘ (ਸੰਪਾਦਕ) | ਅਜਮੇਰ ਔਲਖ ਦੀ ਨਾਟ ਭੂਮੀ, ਸੁਰਜੀਤ ਸਿੰਘ ਭੱਟੀ, ਬਗਾਨੇ ਬੋਹੜ ਦੀ ਛਾਂ, ਚਿੰਤਾ ਤੇ ਚਿੰਤਨ | 139 |